Office of the
District Magistrate, Sangrur
Telephone:+911672-234004 Email:
dc.sgr@punjab.gov.in

ਦਫਤਰ
ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ
ਟੈਲੀਫੋਨ:+911672-234004 ਈਮੇਲ:
dc.sgr@punjab.gov.in

(ਫੁਟਕਲ ਸ਼ਾਖਾ)
ਦਫਤਰੀ ਹੁਕਮ

ਨੰ: 68/ਐਮ.ਏ. ਮਿਤੀ 27.03.2020

ਪੰਜਾਬ ਰਾਜ ਵਿੱਚ ਕੋਵਿਡ-19 ਦੇ ਜੀਵਾਣੂ ਤੋਂ ਬੀਮਾਰੀ ਫੈਲਣ ਨੂੰ ਕੰਟਰੋਲ ਕਰਨ ਸਬੰਧੀ ਨਿਮਨ ਹਸਤਾਖਰ ਵੱਲੋਂ ਹੁਕਮ ਨੰ:54/ਐਮ.ਏ. ਮਿਤੀ 23.03.2020 ਰਾਹੀਂ ਅਗਲੇ ਹੁਕਮਾਂ ਤੱਕ ਜ਼ਿਲ੍ਹਾ ਸੰਗਰੂਰ ਵਿਖੇ ਕਰਫਿਊ ਲਗਾਇਆ ਗਿਆ ਹੈ। ਜਿਸ ਦੀ ਲਗਾਤਾਰਤਾ ਵਿੱਚ ਇਸ ਦਫਤਰ ਵੱਲੋਂ ਹੁਕਮ ਨੰ: 65/ਐਮ.ਏ ਮਿਤੀ 25/03/2020 ਰਾਹੀਂ ਕੁਝ ਜ਼ਰੂਰੀ ਕੈਟਾਗਰੀਆਂ ਨੂੰ ਛੋਟ ਦਿੱਤੀ ਗਈ ਸੀ। ਹੁਣ ਨਿਮਨ ਜਨਤਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਮ ਪਬਲਿਕ ਦੀ ਸਹੂਲਤ ਲਈ ਹੇਠਾਂ ਲਿਖੇ ਅਨੁਸਾਰ ਜ਼ਰੂਰੀ ਵਸਤੂਆਂ ਦੀ ਸਪਲਾਈ ਦੀ ਇਜ਼ਾਜਤ ਦਿੱਤੀ ਜਾਂਦੀ ਹੈ:-

1. ਡਰੱਗ ਇੰਸਪੈਕਟਰ ਵੱਲੋਂ ਤਿਆਰ ਕੀਤੀ ਗਈ ਰੋਟੇਸ਼ਨ ਵਾਈਜ਼ ਲਿਸਟ ਅਨੁਸਾਰ ਹਰੇਕ ਸ਼ਹਿਰੀ ਖੇਤਰ ਵਿੱਚ 10 ਮੈਡੀਕਲ ਕੈਮਿਸ਼ਟ ਐਮਰਜੈਂਸੀ ਅਤੇ ਹੋਰ ਕਰੀਟਿਕਲ ਬਿਮਾਰੀਆਂ ਲਈ ਖੁੱਲੇ ਰਹਿਣਗੇ। ਜਿਲ੍ਹਾ ਸੰਗਰੂਰ ਦੇ ਸਮੂਹ ਮੈਡੀਕਲ ਕੈਮਿਸ਼ਟਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਦਵਾਈਆਂ ਲੋਕਾਂ ਦੇ ਘਰ-ਘਰ ਜਾ ਕੇ ਦਿੱਤੀਆਂ ਜਾਣ ਅਤੇ ਮੈਡੀਕਲ ਸਟੋਰ ਤੇ ਲੋਕਾਂ ਦਾ ਇਕੱਠ ਨਾ ਕੀਤਾ ਜਾਵੇ, ਨਾਲ ਹੀ ਆਮ ਜਨਤਾ ਨੂੰ ਵੀ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਘਰਾਂ ਵਿੱਚੋਂ ਨਾ ਨਿਕਲਣ।

ਦਵਾਈਆਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ ਮੈਡੀਕਲ ਸਟੋਰ ਤੱਕ ਦਵਾਈਆਂ ਪਹੁੰਚਾਉਣ ਲਈ ਕਿਸੇ ਵੀ ਕਿਸਮ ਦੀ ਟਰਾਂਸਪੋਰਟ/ਲੇਬਰ/ਹੋਲਸੇਲਰ ਅਤੇ ਦਵਾਈਆਂ ਦੇ ਉਤਪਾਦਨ ਪਰ ਕੋਈ ਪਾਬੰਦੀ ਨਹੀਂ ਹੋਵੇਗੀ।

2. ਫਲ, ਸਬਜੀਆਂ ਦੀ ਮੰਡੀ ਸਵੇਰੇ 5 ਤੋਂ ਸਵੇਰੇ 8 ਵਜੇ ਤੱਕ ਸਪਲਾਈ ਲਈ ਖੁੱਲਣ ਦੀ ਇਜ਼ਾਜਤ ਹੋਵੇਗੀ ਅਤੇ ਕਿਸਾਨਾਂ ਨੂੰ ਆਪਣੀ ਪੈਦਾਵਾਰ ਇੰਨ੍ਹਾਂ ਮੰਡੀਆਂ ਵਿੱਚ ਲਿਆਉਣ ਦੀ ਉਕਤ ਨਿਸ਼ਚਿਤ ਕੀਤੇ ਸਮੇਂ ਅਨੁਸਾਰ ਹੀ ਇਜ਼ਾਜਤ ਹੋਵੇਗੀ। ਪ੍ਰੰਤੂ ਆਮ ਪਬਲਿਕ ਨੂੰ ਸਬਜੀਆਂ/ਫਲ ਖਰੀਦਣ ਲਈ ਮੰਡੀ ਵਿੱਚ ਆਉਣ ਦੀ ਇਜ਼ਾਜਤ ਨਹੀਂ ਹੋਵੇਗੀ। ਸਬੰਧਤ ਸਕੱਤਰ, ਮਾਰਕਿਟ ਕਮੇਟੀ ਜਿਲ੍ਹਾ ਸੰਗਰੂਰ ਦੀ ਹੱਦ ਵਿੱਚ ਇਹ ਯਕੀਨੀ ਬਣਾਉਣਗੇ ਕਿ ਲੋਕਾਂ ਨੂੰ ਸਬਜੀਆਂ, ਫਲ ਆਦਿ ਘਰ-ਘਰ ਵਿੱਚ ਪਹੁੰਚਾਉਣ ਦੇ ਯੋਗ ਪ੍ਰਬੰਧ ਕੀਤੇ ਜਾਣ।

3. ਜਿਵੇਂ ਕਿ ਦੁੱਧ ਦੀ ਲੋਕਾਂ ਤੱਕ ਸਪਲਾਈ ਪਹਿਲਾਂ ਹੀ ਸਵੇਰੇ 5 ਵਜੇ ਤੋਂ ਸਵੇਰੇ 8 ਵਜੇ ਤੱਕ ਅਤੇ ਸ਼ਾਮ 5 ਵਜੇ ਤੋਂ ਸ਼ਾਮ 8 ਵਜੇ ਤੱਕ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪ੍ਰਾਈਵੇਟ Chilling Center, Milk Plant, Collection Center ਨੂੰ ਸਵੇਰੇ 6 ਤੋਂ ਸਵੇਰੇ 10 ਵਜੇ ਤੱਕ ਦੁੱਧ ਇਕੱਠਾਂ ਕਰਨ ਦੀ ਛੂਟ ਹੋਵੇਗੀ। ਕਿਸਾਨਾਂ ਨੂੰ ਆਪਣੀ ਦੁੱਧ ਦੀ ਪੈਦਾਵਾਰ ਇੰਨ੍ਹਾਂ ਸੈਂਟਰਾਂ ਵਿੱਚ ਲਿਆਉਣ ਦੀ ਵੀ ਉਕਤ ਨਿਸ਼ਚਿਤ ਕੀਤੇ ਸਮੇਂ ਦੌਰਾਨ ਛੂਟ ਹੋਵੇਗੀ।

4. ਖਾਣ-ਪੀਣ ਵਾਲੀਆਂ ਸਾਰੀਆਂ ਵਸਤੂਆਂ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

- ਫਲ ਅਤੇ ਸਬਜੀਆਂ
- ਚਾਵਲ, ਕਣਕ ਦਾ ਆਟਾ ਅਤੇ ਦਾਲਾਂ
- ਚੀਨੀ, ਨਮਕ, ਹਲਦੀ, ਮਸਾਲੇ ਅਤੇ ਖਾਣਯੋਗ ਤੇਲ
- ਪੋਲਟਰੀ ਦੀ ਸਪਲਾਈ ਲਾਈਨ
- ਬੱਚਿਆ ਦਾ ਭੋਜਨ (ਪਾਊਡਰ ਮਿਲਕ ਆਦਿ)

DISTRICT MAGISTRATE SANGRUR

ਉਕਤ ਦਰਜ਼ ਵਸਤੂਆਂ ਦੀ ਸਪਲਾਈ ਤੇ ਕੋਈ ਰੋਕ ਨਹੀਂ ਹੋਵੇਗੀ।ਇਸ ਸਬੰਧੀ ਲੋੜੀਂਦੇ ਟਰਾਂਸਪੋਰਟ/ਲੇਬਰ ਅਤੇ ਫੂਡ ਪ੍ਰੋਸੈਸਿੰਗ ਇਡੰਸਟਰੀਜ਼ ਜਿਵੇ ਕਿ ਰਾਇਸ ਮਿੱਲ, ਆਟਾ ਚੱਕੀ, ਦਾਲਾ ਦੀ ਪ੍ਰੋਸੈਸਿੰਗ, ਚੀਨੀ ਬਣਾਉਣ ਵਾਲੀ ਫੈਕਟਰੀ, ਦੁੱਧ ਦੀਆਂ ਫੈਕਟਰੀਆਂ, ਖਾਣ ਯੋਗ ਤੇਲ ਬਣਾਉਣ ਵਾਲੀਆਂ ਫੈਕਟਰੀਆਂ ਨੂੰ ਉਤਪਾਦ ਕਰਨ ਦੀ ਛੋਟ ਦਿੱਤੀ ਜਾਂਦੀ ਹੈ। ਫੈਕਟਰੀ ਮਾਲਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਘੱਟ ਤੋਂ ਘੱਟ ਲੇਬਰ ਨੂੰ ਕੰਮ ਤੇ ਆਉਣ ਲਈ ਪਾਬੰਦ ਕੀਤਾ ਜਾਵੇ ਅਤੇ ਸਬੰਧਤ ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰ/ਨਾਇਬ ਤਹਿਸੀਲਦਾਰ ਜਾਂ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਮਾਲੇਰਕੋਟਲਾ ਤੋਂ ਇਨ੍ਹਾਂ ਲੇਬਰ ਆਦਿ ਦੇ 2 ਦਿਨਾਂ ਤੱਕ ਦੇ ਕਰਫਿਊ ਦੌਰਾਨ Exemption Pass ਬਨਵਾ ਕੇ ਹੀ ਇਨ੍ਹਾਂ ਕਰਮਚਾਰੀਆਂ ਨੂੰ ਕੰਮ ਲਈ ਬੁਲਾਇਆ ਜਾਵੇ।

ਖਾਣ-ਪੀਣ ਵਾਲੀਆਂ ਵਸਤੂਆਂ ਸਪਲਾਈ ਕਰਨ ਵਾਲੀਆਂ ਵੈਨਾਂ/ਟਰੈਕਟਰਾਂ/ਟਰਾਲੀਆਂ/ਰੇੜੀਆਂ ਨੂੰ ਜਿਲ੍ਹੇ ਦੇ ਅੰਦਰ ਅਤੇ ਜਿਲ੍ਹੇ ਦੀ ਹੱਦ ਤੋਂ ਬਾਹਰ ਜਾਣ ਲਈ ਰੋਕਿਆ ਨਹੀਂ ਜਾਵੇਗਾ। ਇਸ ਤੋਂ ਇਲਾਵਾ ਹਰੇਕ ਕਿਸਾਨ ਨੂੰ ਖਾਣ-ਪੀਣ ਵਸਤੂਆਂ ਦੀ ਪੁਟਾਈ/ਢੋਆ-ਢੁਆਈ ਉਪਰੰਤ ਆਪਣੀ ਪੈਦਾਵਾਰ ਮੰਡੀਆਂ ਵਿੱਚ ਲੈ ਕੇ ਜਾਣ ਦੀ ਛੋਟ ਹੋਵੇਗੀ।

Scanned with CamScanner

5. ਪੋਲਟਰੀ ਫੀਡ, ਪਸ਼ੂ ਫੀਡ ਅਤੇ ਡਾਇਰੀ ਕਾਰਮਾਂ ਨੂੰ ਪਹਿਲਾਂ ਹੀ ਛੂਟ ਦਿੱਤੀ ਗਈ ਹੈ, ਪ੍ਰੰਤੂ ਇੱਥੇ ਇਹ ਸਪੱਸ਼ਟ ਕੀਤੀ ਜਾਂਦਾ ਹੈ ਕਿ ਇਸ ਵਿੱਚ ਸਮੂਹ ਕਿਸਮ ਦੀ ਜਾਨਵਰਾਂ ਨੂੰ ਦਿੱਤੀ ਜਾਣ ਵਾਲੀ ਫੀਡ ਜਿਵੇਂ ਕਿ ਪੋਲਟਰੀ ਫੀਡ, ਤੂੜੀ, ਹਰਾ ਚਾਰਾ, ਖਲ, ਪਿੰਗਰੀ ਫੀਡ ਅਤੇ ਹੋਰ ਪਸ਼ੂਆਂ ਸਬੰਧੀ ਕਿਸੇ ਵੀ ਪ੍ਰਕਾਰ ਦੀ ਫੀਡ ਦੇ ਟਰਾਂਸਪੋਰਟ ਤੇ ਛੋਟ ਹੋਵੇਗੀ। ਇਸ ਫੀਡ ਆਦਿ ਦੀ ਸਪਲਾਈ ਲਈ ਵਰਤੀਆਂ ਜਾਣ ਵਾਲੀਆਂ ਵੈਨਾਂ/ਟਰੈਕਟਰਾਂ/ਟਰਾਲੀਆਂ/ਰੇੜੀਆਂ ਨੂੰ ਜਿਲ੍ਹੇ ਦੇ ਅੰਦਰ ਅਤੇ ਜਿਲ੍ਹੇ ਦੀ ਹੱਦ ਤੋਂ ਬਾਹਰ ਜਾਣ ਲਈ ਰੋਕਿਆ ਨਹੀਂ ਜਾਵੇਗਾ।

6. ਸਰਕਾਰੀ/ਪ੍ਰਾਈਵੇਟ ਡਰੱਗ-ਡੀ ਅਡੀਕਸ਼ਨ/ਓਟ ਕਲੀਨਿਕ/ਰੀਹੈਬਲੀਟੇਸ਼ਨ ਸੈਂਟਰਾਂ ਨੂੰ ਛੋਟ ਹੋਵੇਗੀ। ਇਸ ਨਾਲ ਸਬੰਧਤ ਮਰੀਜ਼ਾਂ ਨੂੰ ਦਵਾਈ ਲੈਣ ਲਈ ਆਉਣ ਜਾਣ ਸਮੇਂ ਆਪਣਾ ਡੀ-ਅਡੀਕਸ਼ਨ ਰਜਿਸਟਰੇਸ਼ਨ ਆਈ.ਡੀ ਕਾਰਡ ਹੋਣ ਦੀ ਸੂਰਤ ਵਿੱਚ ਕਰਫਿਊ ਦੌਰਾਨ ਛੂਟ ਹੋਵੇਗੀ।

7. ਹਰ ਬੈਂਕਾਂ ਦੇ ATMs ਸਮੇਂ-ਸਮੇਂ ਤੇ ਕੈਸ਼ ਦੀ ਜ਼ਰੂਰਤ ਨੂੰ ਪੂਰਾ ਕਰਨ ਦੇ ਪਾਬੰਦ ਹੋਣਗੇ, ATMs ਵਿੱਚ ਕੈਸ਼ ਲੋਡ ਕਰਨ ਵਾਲੀਆਂ ਕੰਪਨੀਆਂ ਦੇ ਮੁਲਾਜ਼ਮ/ATMs ਦੀ ਮੈਨਟੇਨੈਸ ਕਰਨ ਵਾਲੇ ਮੁਲਾਜ਼ਮਾਂ ਨੂੰ ਛੋਟ ਹੋਵੇਗੀ। ਬੈਂਕਾਂ ਦੇ ਬਿਜਨੈਸ ਕੋਰਸਪੋਡੈਂਟ ਅਤੇ ਮਾਈਕਰੋ ਏ.ਟੀ.ਐਮ. ਅਤੇ ਕੈਸ਼ ਵੈਨਾਂ ਨੂੰ ਘਰ-2 ਜਾ ਕੇ ਕੈਸ਼ ਕਢਾਉਣ ਦੀ ਟਰਾਂਸੈਕਸ਼ਨ ਕਰਨ ਦੀ ਇਜ਼ਾਜਤ ਹੋਵੇਗੀ । ਲੀਡ ਬੈਂਕ ਮੈਨੇਜਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਕਰਮਚਾਰੀਆਂ ਦੇ ਕਰਫਿਊ ਦੌਰਾਨ ਡਿਊਟੀ ਪਾਸ ਸਬੰਧਤ ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰ/ਨਾਇਬ ਤਹਿਸੀਲਦਾਰ ਨੂੰ ਕਰਮਚਾਰੀਆਂ ਦੀ ਲਿਸਟ ਦੇ ਕੇ ਜਾਰੀ ਕਰਵਾਏ ਜਾਣ।

8. ਸਮਾਨ ਦੀ ਢੋਆਂ ਢੁਆਈ ਲਈ ਰੇਲਵੇ ਆਵਾਜਾਈ ਜਰੂਰੀ ਹੈ। ਮਾਲਗੱਡੀ ਦੀ ਆਵਾਜਾਈ ਲਈ ਅਤੇ ਮੇਨਟੇਨਸ ਸਬੰਧੀ ਲੋੜੀਂਦੇ ਰੇਲਵੇ ਵਿਭਾਗ ਦੇ ਕਰਮਚਾਰੀਆਂ ਨੂੰ ਉਹਨਾਂ ਦੇ ਮਹਿਕਮੇ ਵੱਲੋਂ ਜਾਰੀ ਕੀਤੇ ਆਈ ਕਾਰਡ ਦੇ ਆਧਾਰ ਤੇ ਛੋਟ ਹੈ।

ਨੋਟ:- ਜੇਕਰ ਕੋਈ ਵੀ ਵਿਅਕਤੀ ਇਸ ਅਧਿਕਾਰ ਦੀ ਗਲਤ ਵਰਤੋਂ ਕਰਦਾ ਪਾਇਆ ਜ਼ਾਂਦਾ ਹੈ ਤਾਂ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਤੁਰੰਤ ਲਾਗੂ ਹੋਵੇਗਾ ।

DISTRICT MAGISTRATE SANGRUR

ਘਨਸ਼ਿਆਮ ਥੋਰੀ, ਆਈ.ਏ.ਐਸ
ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

ਪਿੰ:ਅੰ:ਨੰ: 4728-48 /ਐਮ.ਏ ਮਿਤੀ : 27/03/2020

ਇਸ ਦਾ ਉਤਾਰਾ:-

1) ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ/ਸੀਨੀਅਰ ਕਪਤਾਨ ਪੁਲਿਸ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਖਾਣ ਪੀਣ ਵਾਲੀਆਂ ਵਸਤਾਂ/ਦਵਾਈਆਂ/ਪਸ਼ੂਆਂ ਆਦਿ ਦੀ ਫੀਡ ਲਈ ਵਰਤੇ ਜਾਣ ਵਾਲੇ ਵਹਿਕਲਾਂ ਨੂੰ ਆਉਣ ਜਾਣ ਲਈ ਛੋਟ ਦੇਣ ਦੀ ਖੇਚਲਾ ਕੀਤੀ ਜਾਵੇ ਜੀ ਤਾਂ ਜੋ ਆਮ ਪਬਲਿਕ ਨੂੰ ਕੋਈ ਵੀ ਮੁਸਕਿਲ ਪੇਸ਼ ਨਾ ਆਵੇ ।
2) ਸੀਨੀਅਰ ਕਪਤਾਨ ਪੁਲਿਸ, ਸੰਗਰੂਰ ਪਾਸ ਇਸ ਦੀ ਇਕ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਉਹ ਸਬੰਧਤ ਡੀ.ਐਸ.ਪੀ ਅਤੇ ਥਾਣਾ ਮੁੱਖੀਆਂ ਨੂੰ ਹਦਾਇਤ ਕਰਨ ਕਿ ਉਕਤ ਹੁਕਮ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ।
3) ਵਧੀਕ ਜ਼ਿਲ੍ਹਾ ਮੈਜਿਸਟਰੇਟ (ਜ਼/ਵ) ਸੰਗਰੂਰ
4) ਸਮੂਹ ਉਪ ਮੰਡਲ ਮੈਜਿਸਟਰੇਟਸ, ਜਿਲ੍ਹਾ ਸੰਗਰੂਰ
5) ਜ਼ਿਲ੍ਹਾ ਲੋਕ ਸੰਪਰਕ ਅਫਸਰ, ਸੰਗਰੂਰ
6) ਸਿਵਲ ਸਰਜਨ, ਸੰਗਰੂਰ
7) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਸੰਗਰੂਰ
8) ਜਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ, ਸੰਗਰੂਰ
9) ਜਿਲ੍ਹਾ ਮੰਡੀ ਅਫਸਰ, ਸੰਗਰੂਰ
10) ਲੀਡ ਬੈਂਕ ਮੈਨੇਜਰ, ਸੰਗਰੂਰ
11) ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਸੰਗਰੂਰ
12) ਪੀ.ਏ ਟੂ ਡੀ.ਸੀ./ਸਟੈਨੋ ਟੂ ਏ.ਡੀ.ਸੀ./ਏ.ਸੀ.(ਜ)/ਏ.ਸੀ.(ਸ਼ਿਕਾਇਤਾਂ)

ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਘਨਸ਼ਿਆਮ ਥੋਰੀ, ਆਈ.ਏ.ਐਸ
ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

Scanned with CamScanner